# PC–13555/NJ

**E–36/2111**

ਪੰਜਾਬੀ ਲਾਜ਼ਮੀ

(Paper–501)

(Semester–V)

Time : Three Hours] [Maximum Marks : 35

**ਨੋਟ** : ਸਾਰੇ ਪ੍ਰਸ਼ਨ ਲਾਜ਼ਮੀ ਹਨ।

I. 'ਏਹੁ ਹਮਾਰਾ ਜੀਵਣਾ' ਨਾਵਲ ਦਾ ਸਾਰ ਲਿਖੋ।

**ਜਾਂ**

'ਏਹੁ ਹਮਾਰਾ ਜੀਵਣਾ' ਨਾਵਲ ਦੇ ਵਿਸ਼ਾ-ਵਸਤੂ ਦੀ ਵਿਆਖਿਆ ਕਰੋ। 5

II. ਕਿਸੇ **ਇਕ** ਪਾਤਰ ਦਾ ਪਾਤਰ-ਚਿਤਰਨ ਕਰੋ :

(ੳ) ਭਾਨੋ।

(ਅ) ਜਾਗਰ। 3

III. ਕਿਸੇ **ਇਕ** ਵਿਸ਼ੇ ਉੱਤੇ ਲਗਭਗ 500 ਸ਼ਬਦਾਂ ਦੀ ਨਿਬੰਧ ਰਚਨਾ ਕਰੋ :

(ੳ) ਪੰਜਾਬ ਦੇ ਰਸਮ-ਰਿਵਾਜ।

(ਅ) ਲਾਇਬਰੇਰੀ ਦੀ ਮਹੱਤਤਾ।

(ੲ) ਆਨਲਾਈਨ ਸਿੱਖਿਆ। 4

IV. ਨਾਂਵ ਵਾਕੰਸ਼ ਤੋਂ ਕੀ ਭਾਵ ਹੈ? ਇਸ ਦੇ ਮੁੱਖ ਤੱਤਾਂ ਅਤੇ ਉਹਨਾਂ ਦੀ ਤਰਤੀਬ ਬਾਰੇ ਦੱਸੋ।

**ਜਾਂ**

ਕਿਰਿਆ ਵਾਕੰਸ਼ ਤੋਂ ਕੀ ਭਾਵ ਹੈ? ਸੰਚਾਲਕ ਕਿਰਿਆ ਬਾਰੇ ਵਿਸਥਾਰ ਸਹਿਤ ਦੱਸੋ। 6

V. ਵਾਕਾਂ ਦੀ ਭਾਸ਼ਾ ਦਾ ਵਿਹਾਰਿਕ ਵਿਸ਼ਲੇਸ਼ਣ ਕਰੋ :

1. ਕੇਵਲ ਮੈਂ ਹੀ ਨਹੀਂ ਰੋਈ, ਸਗੋਂ ਉਹ ਵੀ ਰੋਈ।
(ਦਬਾਅਵਾਚਕ ਚੁਣੋ)

2. ਕਾਲਜ ਦੇ ਸਾਰੇ ਵਿਦਿਆਰਥੀ ਚਲੇ ਗਏ।
(ਨਾਂਵ ਵਾਕੰਸ਼ ਚੁਣੋ)

3. ਉਹ ਹਰ ਰੋਜ਼ ਪਾਰਕ ਵਿਚ ਭੱਜ ਰਿਹਾ ਹੁੰਦਾ ਹੈ।
(ਕਿਰਿਆ ਰੂਪਾਂ ਦੀ ਪਛਾਣ ਕਰੋ)

4. ਦਿਨ ਵੇਲੇ ਤਾਰੇ ਨਹੀਂ ਦੇਖੇ ਜਾ ਸਕਦੇ।
('ਦੇਖੇ' ਕਿਹੜਾ ਕਿਰਿਆ ਰੂਪ ਹੈ) 2

VI. ਸੰਖੇਪ ਉੱਤਰ ਲਿਖੋ :

1. ਨਰੈਣ ਦੇ ਕੋਈ ਦੋ ਗੁਣ ਦੱਸੋ।
2. 'ਏਹੁ ਹਮਾਰਾ ਜੀਵਣਾ' ਸਿਰਲੇਖ ਬਾਰੇ ਤੁਹਾਡੇ ਕੀ ਵਿਚਾਰ ਹਨ?
3. 'ਏਹੁ ਹਮਾਰਾ ਜੀਵਣਾ' ਨਾਵਲ ਦੀ ਭਾਸ਼ਾ ਅਤੇ ਸ਼ੈਲੀ ਬਾਰੇ ਦੱਸੋ।
4. ਸਰਵਣ ਕੌਣ ਸੀ?
5. 'ਏਹੁ ਹਮਾਰਾ ਜੀਵਣਾ' ਨਾਵਲ ਪਹਿਲੀ ਵਾਰ ਕਦੋਂ ਛਪਿਆ?

6. ਭਾਨੋ ਫੱਤੇ ਨਾਲ ਵਿਆਹ ਕਰਵਾਉਣ ਲਈ ਕਿਵੇਂ ਰਾਜੀ ਹੁੰਦੀ ਹੈ?

7. ਭਾਗਵੰਤੀ ਕਿਹੋ ਜਿਹੀ ਔਰਤ ਹੈ? ਉਹ ਭਾਨੋ ਨਾਲੋਂ ਵੱਖਰੀ ਕਿਵੇਂ ਹੈ?

8. ਕੀ ਭਾਨੋ ਆਪਣੀਆਂ ਸਥਿਤੀਆਂ ਦੇ ਖਿਲਾਫ ਕੋਈ ਪ੍ਰਤਿਰੋਧ ਕਰਦੀ ਹੈ?

9. ਕਾਲਕੀ ਕਿਰਿਆ ਵਾਕੰਸ਼ ਕੀ ਹੁੰਦਾ ਹੈ?

10. ਸਹਾਇਕ ਕਿਰਿਆ ਤੋਂ ਕੀ ਭਾਵ ਹੈ?

11. ਨਾਂਵ ਵਾਕੰਸ਼ ਵਿਚ ਮੁੱਖ ਸ਼ਬਦ ਕਿਸ ਸ਼੍ਰੇਣੀ ਨਾਲ ਸਬੰਧਿਤ ਹੁੰਦਾ ਹੈ?

12. ਪੰਜਾਬੀ ਵਿਚ ਦਬਾਅਵਾਚਕ ਅੰਸ਼ਾਂ ਦੇ ਇਸਤੇਮਾਲ ਬਾਰੇ ਤੁਸੀਂ ਕੀ ਜਾਣਦੇ ਹੋ?

13. ਪ੍ਰਧਾਨ ਕਰਮ ਅਤੇ ਅਪ੍ਰਧਾਨ ਕਰਮ ਦੀ ਉਦਾਹਰਣ ਦਿਓ।

14. ਵਾਕੰਸ਼ ਕਿੰਨੀਆਂ ਕਿਸਮਾਂ ਦੇ ਹੁੰਦੇ ਹਨ?

15. ਕਰਤਾ ਨਾਂਵ ਵਾਕੰਸ਼ ਤੋਂ ਕੀ ਭਾਵ ਹੈ? 15×1=15